# ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ ਪੰਜਾਬ

## ਸਮੱਗਰਾ ਸਿੱਖਿਆ ਅਭਿਆਨ ਪੰਜਾਬ

5ਵੀਂ ਮੰਜ਼ਿਲ, ਈ-ਬਲਾਕ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈੱਕਸ, ਫੇਸ-8, ਐੱਸ.ਏ.ਐੱਸ. ਨਗਰ

---

ਵੱਲ

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ),**
**ਪੰਜਾਬ।**

ਮੀਮੋ ਨੰ. ਸਮੱਗਰਾ/ਐਡਮਨ(1023629)/2026/69515
ਮਿਤੀ ਐੱਸ.ਏ.ਐੱਸ. ਨਗਰ 13.03.2026

**ਵਿਸ਼ਾ: ਸਿੱਖਿਆ-7 ਸ਼ਾਖਾ ਵੱਲੋਂ ਜਾਰੀ ਨੋਟੀਫਿਕੇਸ਼ਨ ਮਿਤੀ 23.09.2025 ਦੇ ਸਨਮੁੱਖ, ਆਪਸ਼ਨ ਲਈ ਆਖਰੀ ਮੌਕਾ ਦਿੰਦੇ ਹੋਏ ਪੋਰਟਲ ਖੋਲਣ ਸਬੰਧੀ।**

ਹਵਾਲਾ: ਇਸ ਦਫਤਰ ਦੇ ਪੱਤਰ ਨੰ. ਸਮੱਗਰਾ/2025/ਐਡਮਨ(985890)/286052 ਮਿਤੀ, ਐੱਸ.ਏ.ਐੱਸ. ਨਗਰ 26.09.2025 ਸਬੰਧੀ।

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ।

2.0 ਵਿਸ਼ਾ ਅੰਕਿਤ ਸਬੰਧੀ ਲਿਖਿਆ ਜਾਂਦਾ ਹੈ ਕਿ ਸਿੱਖਿਆ-7 ਸ਼ਾਖਾ, ਸਿੱਖਿਆ ਵਿਭਾਗ, ਪੰਜਾਬ ਸਰਕਾਰ ਵੱਲੋਂ ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਟਰੈਕਟ ਤੇ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਨੂੰ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ ਸਬੰਧੀ ਨੋਟੀਫਿਕੇਸ਼ਨ ਮਿਤੀ 23.09.2025 ਜਾਰੀ ਕੀਤਾ ਗਿਆ ਹੈ, ਨੋਟੀਫਿਕੇਸ਼ਨ ਦੀ ਕਾਪੀ ਇਸ ਪੱਤਰ ਨਾਲ ਨੱਥੀ ਹੈ। ਉਕਤ ਨੋਟੀਫਿਕੇਸ਼ਨ ਦੇ ਸਨਮੁੱਖ, ਸਮੱਗਰਾ ਸਿੱਖਿਆ ਅਭਿਆਨ ਅਧੀਨ ਕੰਮ ਕਰਦੇ ਨਾਨ-ਟੀਚਿੰਗ ਕਰਮਚਾਰੀਆਂ ਵੱਲੋਂ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਣ ਜਾਂ ਸੋਸਾਇਟੀ ਅਧੀਨ ਹੀ ਸੇਵਾਵਾਂ ਜਾਰੀ ਰੱਖਣ ਸਬੰਧੀ, ਈ-ਪੰਜਾਬ ਪੋਰਟਲ ‘ਤੇ ਆਪਣੇ ਲਾਗਿਨ ਆਈ.ਡੀ. ਰਾਹੀਂ ਲਾਗਿਨ ਕਰਦੇ ਹੋਏ, ਮਿਤੀ 29.09.2025 ਤੋਂ 02.10.2025 ਤੱਕ ਆਪਸ਼ਨ ਕਲਿੱਕ ਕਰਨ ਲਈ ਪੋਰਟਲ ਖੋਲਿਆ ਗਿਆ ਸੀ।

3.0 ਉਕਤ ਨੋਟੀਫਿਕੇਸ਼ਨ ਦੇ ਸਨਮੁੱਖ ਜਿਹੜੇ ਕਰਮਚਾਰੀਆਂ ਵੱਲੋਂ ਆਪਣੀ ਆਪਸ਼ਨ ਨਹੀਂ ਦਿੱਤੀ ਗਈ ਹੈ, ਉਨ੍ਹਾਂ ਕਰਮਚਾਰੀਆਂ ਨੂੰ ਆਪਸ਼ਨ ਦੇਣ ਲਈ ਆਖਰੀ ਮੌਕਾ ਦਿੰਦੇ ਹੋਏ, ਆਪਣੀ ਆਪਸ਼ਨ ਦੇਣ ਲਈ ਮੁੜ ਮਿਤੀ 13.03.2026 ਤੋਂ ਮਿਤੀ 14.03.2026 ਨੂੰ ਸ਼ਾਮ 5:00 ਵਜੇ ਤੱਕ, ਦੋ ਦਿਨਾਂ ਲਈ ਪੋਰਟਲ ਖੋਲਿਆ ਜਾ ਰਿਹਾ ਹੈ।

4.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਕਰਮਚਾਰੀ ਵੱਲੋਂ ਕੋਈ ਵੀ ਆਪਸ਼ਨ ਕਲਿੱਕ ਨਹੀਂ ਕੀਤੀ ਜਾਂਦੀ ਤਾਂ ਉਸਨੂੰ ਸੋਸਾਇਟੀ ਅਧੀਨ ਹੀ ਮੰਨਿਆ ਜਾਵੇਗਾ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ।**

ਪਿ.ਅੰ.ਨੰ. ਸਮੱਗਰਾ/ਐਡਮਨ(1023629)/2026/69515 ਮਿਤੀ: 13.03.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਹਾਇਕ/ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਨਿੱਜੀ ਸਹਾਇਕ/ ਡਾਇਰੈੱਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਨਿੱਜੀ ਸਹਾਇਕ/ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ।
4. ਡਿਪਟੀ ਐੱਸ.ਪੀ.ਡੀ. (ਐੱਮ.ਆਈ.ਐੱਸ. ਸ਼ਾਖਾ) ਸਮੱਗਰਾ ਸਿੱਖਿਆ ਅਭਿਆਨ ਪੰਜਾਬ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ,**
**ਪੰਜਾਬ।**